# ਪੰਜਾਬ ਸਕੂਲ ਸਿੱਖਿਆ ਬੋਰਡ

## ਨੋਟੀਫਿਕੇਸ਼ਨ

ਨੋਟੀ: ਨੰ:328-ਪਸਸਬ-5ਅਸ-ਅਮਲਾ-2019/-1286 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ:-4/6/2019

ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਬੋਰਡ ਦੀ ਇਕੱਤਰਤਾ ਮਿਤੀ 17.11.2016 ਵਿੱਚ ਮੱਦ ਨੰ. 8 (1) ਰਾਹੀਂ ਮਿਲੇ ਅਧਿਕਾਰਾਂ ਅਧੀਨ ਪੰਜਾਬ ਸਰਕਾਰ, ਵਿੱਤ ਵਿਭਾਗ, ਕਰਜ਼ਾ ਸ਼ਾਖਾ ਵਲੋਂ ਜਾਰੀ ਪੱਤਰ ਨੰ. ਵਿ:ਵਿ:ਕਰਜਾ-ਭ.ਅ.(ਕਰਜਾ)/ਪੀ.7/2019/4244 ਮਿਤੀ 24.05.2019 **(ਅਨੁਲੱਗ ਕ ਪੰਨਾ ਨੰ. 1 ਤੋਂ 3)** ਬੋਰਡ ਦਫਤਰ ਵਿੱਚ ਅਡਾਪਟ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
30-05-2019

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-5ਅਸ-ਅਮਲਾ-2019/-1287 ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ: -4/6/2019.

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ ਜੀ ਦੇ ਨਿੱਜੀ ਸਕੱਤਰ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ, ਜਨਰਲ;
3) ਕੰਟਰੋਲਰ, ਪ੍ਰੀਖਿਆਵਾਂ;
4) ਉਪ ਕੰਟਰੋਲਰ, ਲੋਕਲ ਆਡਿਟ;
5) ਸਮੂਹ ਸ਼ਾਖਾ ਮੁੱਖੀ;
6) ਸਹਾਇਕ ਸਕੱਤਰ (ਅਮਲਾ/ ਲੇਖਾ);
7) ਸੀਨੀਅਰ ਮੈਨੇਜਰ, ਪੁਸਤਕਾਂ (ਸਮੂਹ ਖੇਤਰੀ ਦਫਤਰਾਂ ਨੂੰ ਸੂਚਿਤ ਕਰਨ ਲਈ);
8) ਇੰਚਾਰਜ, ਆਦਰਸ਼ ਸਕੂਲ ਸੈਲ (ਸਮੂਹ ਆਦਰਸ਼ ਸਕੂਲਾਂ ਨੂੰ ਸੂਚਿਤ ਕਰਨ ਲਈ);
9) ਸੁਪਰਡੰਟ (ਪੈਨਸ਼ਨ/ ਜੀ.ਪੀ.ਐਫ./ ਸੈਲਰੀ);
10) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ ।

ਸੁਪਰਡੰਟ (ਅਮਲਾ-5) 4/6/19
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਨੰ: ਵਿ:ਵਿ:ਕਰਜ਼ਾ-ਬ.ਅ.(ਕਰਜਾ)/ਪੀ.7/2019/ ੫੨੫੫
ਪੰਜਾਬ ਸਰਕਾਰ,ਵਿੱਤ ਵਿਭਾਗ
(ਕਰਜ਼ਾ ਸ਼ਾਖਾ)

ਵੱਲ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ, ਰਜਿਸਟਰਾਰ, ਪੰਜਾਬ ਅਤੇ
ਹਰਿਆਣਾ ਹਾਈ ਕੋਰਟ, ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ
ਡਿਪਟੀ ਕਮਿਸ਼ਨਰ।

ਮਿਤੀ: ਚੰਡੀਗੜ੍ਹ: ੨੪-5-19

ਵਿਸ਼ਾ: ਸਾਲ 2019-20 ਵਿੱਚ ਗਰੁੱਪ-ਡੀ (ਦਰਜਾ-4) ਕਰਮਚਾਰੀਆਂ ਨੂੰ ਕਣਕ ਦੀ ਖਰੀਦ ਲਈ ਕਰਜ਼ਾ ਦੇਣ ਬਾਰੇ।

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਨੇ ਆਪਣੇ ਗਰੁੱਪ-ਡੀ (ਦਰਜਾ-4) ਕਰਮਚਾਰੀਆਂ ਨੂੰ ਕਣਕ ਦੀ ਖਰੀਦ ਲਈ ਸੂਦ ਰਹਿਤ 7500/- ਰੁਪਏ (ਅੱਖਰੀ ਕੇਵਲ ਸੱਤ ਹਜ਼ਾਰ ਪੰਜ ਸੌ ਰੁਪਏ) ਤੱਕ ਸਾਲ 2019-20 ਵਿੱਚ ਬਤੌਰ ਕਰਜ਼ਾ ਦੇਣ ਦਾ ਫੈਸਲਾ ਕੀਤਾ ਹੈ। ਇਸ ਕਰਜ਼ੇ ਦੀ ਰਕਮ ਮਿਤੀ 20 ਜੂਨ, 2019 ਤੱਕ ਕਢਵਾਈ ਜਾ ਸਕੇਗੀ। ਇਹ ਕਰਜ਼ਾ 8 ਮਾਹਵਾਰ ਕਿਸ਼ਤਾਂ ਵਿੱਚ ਵਸੂਲਿਆਂ ਜਾਵੇਗਾ। ਇਸ ਦੀ ਵਸੂਲੀ ਜੁਲਾਈ, 2019 ਦੀ ਤਨਖਾਹ ਤੋਂ ਸ਼ੁਰੂ ਹੋ ਜਾਵੇਗੀ ਤਾਂ ਜੋ ਸਾਰੇ ਕਰਜ਼ੇ ਦੀ ਵਸੂਲੀ ਇਸ ਵਿੱਤੀ ਸਾਲ ਦੇ ਖਤਮ ਹੋਣ ਤੋਂ ਪਹਿਲਾਂ ਹੋ ਸਕੇ। ਇਹ ਕਰਜ਼ਾ ਸਿਰਫ ਰੈਗੂਲਰ ਗਰੁੱਪ-ਡੀ (ਦਰਜਾ-4) ਕਰਮਚਾਰੀਆਂ ਨੂੰ ਹੀ ਮਿਲੇਗਾ। ਦਿਹਾੜੀਦਾਰ, ਵਰਕਚਾਰਜ਼ਡ ਕਰਮਚਾਰੀ ਆਦਿ ਇਸ ਫੈਸਲੇ ਅਧੀਨ ਨਹੀਂ ਆਉਣਗੇ। ਜਿਹੜੇ ਕਰਮਚਾਰੀ ਆਰਜ਼ੀ ਹਨ ਉਹਨਾਂ ਨੂੰ ਕਰਜ਼ਾ ਦੇਣ ਤੋਂ ਪਹਿਲਾਂ ਡਿਸਬਰਸਿੰਗ ਅਫਸਰ ਆਪਣੀ ਤਸੱਲੀ ਦੀ ਜ਼ਾਮਨੀ ਲੈ ਲੈਣ ਤਾਂ ਜੋ ਇਹ ਕਰਜ਼ਾ ਪੂਰਾ ਸੁਰੱਖਿਅਤ ਹੋਵੇ, ਅਤੇ ਨਿਰਧਾਰਤ ਸਮੇਂ ਅਨੁਸਾਰ ਵਸੂਲੀ ਹੋ ਸਕੇ। ਜਿਥੇ ਕਿਸੇ ਪਰਿਵਾਰ ਦੇ ਇੱਕ ਤੋਂ ਜ਼ਿਆਦਾ ਮੈਂਬਰ ਪੰਜਾਬ ਸਰਕਾਰ ਦੀ ਸੇਵਾ ਵਿੱਚ ਹਨ ਤੇ ਇੱਕੋ ਥਾਂ ਰਹਿੰਦੇ ਹਨ ਉਥੇ ਸਿਰਫ ਇੱਕੋ ਕਰਮਚਾਰੀ ਨੂੰ ਹੀ ਕਰਜ਼ਾ ਦਿੱਤਾ ਜਾਵੇਗਾ। ਇਸ ਬਾਰੇ ਸਬੰਧਤ ਕਰਮਚਾਰੀ ਨੂੰ ਨੱਥੀ ਅਨੁਲੱਗ ਅਨੁਸਾਰ ਬਦਲਾ ਸਰਟੀਫਿਕੇਟ ਦੇਣਾ ਪਵੇਗਾ।

2. ਇਸ ਕਰਜ਼ੇ ਦੀ ਮੰਨਜ਼ੂਰੀ ਜਾਰੀ ਕਰਨ ਦਾ ਅਧਿਕਾਰ ਡਿਸਬਰਸਿੰਗ ਅਫਸਰ ਨੂੰ ਹੋਵੇਗਾ ਅਤੇ ਉਹ ਮੰਨਜ਼ੂਰੀ ਜਾਰੀ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾ ਲਵੇਗਾ ਕਿ ਕਰਮਚਾਰੀ ਉਤਨੇ ਸਮੇਂ ਲਈ ਸੇਵਾ ਵਿੱਚ ਰਹੇਗਾ ਜਿੰਨਾ ਸਮਾਂ ਇਸ ਕਰਜ਼ੇ ਦੀ ਵਸੂਲੀ ਲਈ ਨਿਸ਼ਚਿਤ ਕੀਤਾ ਗਿਆ ਹੈ।

3. ਰਕਮ ਖਜ਼ਾਨੇ ਵਿੱਚੋਂ ਕਢਵਾਉਣ ਤੋਂ ਇੱਕ ਮਹੀਨੇ ਦੇ ਅੰਦਰ ਅੰਦਰ ਕਰਜ਼ਦਾਰ ਕਰਮਚਾਰੀ ਆਪਣੇ ਡਿਸਬਰਸਿੰਗ ਅਫਸਰ ਨੂੰ ਖਰੀਦੀ ਗਈ ਕਣਕ ਬਾਰੇ ਰਸੀਦ ਪੇਸ਼ ਕਰੇਗਾ। ਜੇਕਰ ਵਰਤੀ ਗਈ ਰਕਮ ਕਰਜ਼ੇ ਦੀ ਰਕਮ ਤੋਂ ਘੱਟ ਹੋਵੇ ਤਾਂ ਬਾਕੀ ਦੀ ਰਕਮ ਉਸ ਦੀ ਜੁਲਾਈ, 2019 ਦੀ ਤਨਖਾਹ ਵਿਚੋਂ ਕੱਟ ਲਈ ਜਾਵੇ।

4. ਕਰਜ਼ੇ ਦੀ ਰਕਮ ਨਾਨ ਪਲਾਨ ਸਾਈਡ ਤੇ ਹੈਡ "7610 ਸਰਕਾਰੀ ਮੁਲਾਜ਼ਮਾਂ ਨੂੰ ਕਰਜ਼ੇ ਆਦਿ -800- ਹੋਰ ਕਰਜ਼ੇ ਆਦਿ-11-ਕਣਕ ਕਰਜ਼ੇ - 55 ਕਰਜ਼ੇ ਅਤੇ ਪੇਸ਼ਗੀਆਂ" ਅਧੀਨ ਬੁਕ ਕੀਤੀ ਜਾਵੇਗੀ। ਇਸ ਦੀ ਮਾਹਵਾਰ ਵਸੂਲੀ ਕਾਰਸਪਾਂਡਿੰਗ ਰਸੀਟ ਹੈਡ "7610-ਸਰਕਾਰੀ ਮੁਲਾਜ਼ਮਾਂ ਨੂੰ ਕਰਜ਼ੇ ਆਦਿ -800-ਹੋਰ ਕਰਜ਼ੇ ਆਦਿ-11 ਕਣਕ ਕਰਜ਼ੇ - 55 ਕਰਜ਼ੇ ਅਤੇ ਪੇਸ਼ਗੀਆਂ-ਪ੍ਰਾਪਤੀਆਂ" ਨੂੰ ਕੀਤੀ ਜਾਵੇਗੀ।

3057/4
24/5/19
27/5/19



Scanned by ... Scanner

5.. ਇਸ ਕਰਜ਼ੇ ਸਬੰਧੀ ਵਿਅਕਤੀਗਤ ਲੇਖਾ-ਜੋਖਾ ਸਬੰਧਤ ਡਿਸਬਰਸਿੰਗ ਅਫਸਰ ਰੱਖੇਗਾ ਅਤੇ ਉਹ ਆਪਣੇ ਪੱਧਰ ਤੇ ਇਹ ਯਕੀਨੀ ਬਣਾਏਗਾ ਕਿ ਕਰਜ਼ੇ ਦੀ ਵਸੂਲੀ ਉਪਰੋਕਤ ਵਰਨਣ ਅਨੁਸਾਰ ਕੀਤੀ ਗਈ ਹੈ। ਇਸ ਕਰਜ਼ੇ ਦੀ ਵਸੂਲੀ ਸਬੰਧੀ ਹਰ ਤਨਖਾਹ ਦੇ ਬਿਲ ਨਾਲ ਅਲੱਗ ਸ਼ਡਿਊਲ ਲਗਾਇਆ ਜਾਵੇਗਾ ਜਿਸ ਵਿੱਚ ਕਰਮਚਾਰੀ ਵਾਈਜ਼ ਕਰਜ਼ੇ ਦੀ ਕੁੱਲ ਰਕਮ, ਮੌਜੂਦਾ ਬਿਲ ਵਿੱਚ ਕੀਤੀ ਕਟੌਤੀ ਅਤੇ ਬਕਾਇਆ ਵਿਖਾਇਆ ਜਾਵੇਗਾ।

6. ਹਰ ਵਿਭਾਗ ਦਾ ਮੁੱਖੀ ਆਪਣੇ ਵਿਭਾਗ ਵਲੋਂ ਪ੍ਰਾਪਤ ਕੀਤੀ ਕਰਜ਼ੇ ਦੀ ਰਾਸ਼ੀ ਅਤੇ ਕੀਤੀ ਗਈ ਰਿਕਵਰੀ ਦਾ ਮਿਲਾਣ ਮਹਾਂਲੇਖਾਕਾਰ, ਪੰਜਾਬ ਨਾਲ ਕਰਨਾ ਯਕੀਨੀ ਬਣਾਉਣਗੇ। ਇਹ ਕਰਜ਼ਾ ਉਨ੍ਹਾਂ ਗਰੁੱਪ-ਡੀ (ਦਰਜ਼ਾ ਚਾਰ) ਕਰਮਚਾਰੀਆਂ ਨੂੰ ਹੀ ਦਿੱਤਾ ਜਾਵੇਗਾ ਜੋ ਇਸ ਕਰਜ਼ੇ ਲਈ ਅਪਲਾਈ ਕਰਨਗੇ।

ਨੱਥੀ: ਉਪਰੋਕਤ ਅਨੁਸਾਰ।

ਵਿਸ਼ਵਾਸ਼ ਪਾਤਰ,

ਐਡੀਸ਼ਨਲ ਡਾਇਰੈਕਟਰ (ਖਤੋਲੇ)
ਕ੍ਰਤੇ ਪ੍ਰਮੁੱਖ ਸਕੱਤਰ ਵਿੱਤ

ਪਿੱਠ ਅੰਕਣ ਨੰ: ਵਿ:ਵਿ:ਕਰਜ਼ਾ-ਤ.ਅ.(ਕਰਜ਼ਾ)/7/2019/੫੨੪੫-੪੬ ਮਿਤੀ: ੨੪-5-19

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਮਹਾਂਲੇਖਾਕਾਰ,(ਆਡਿਟ) ਪੰਜਾਬ, ਚੰਡੀਗੜ੍ਹ।
2. ਪ੍ਰਮੁੱਖ ਮਹਾਂਲੇਖਾਕਾਰ, (ਏ ਅਤੇ ਈ) ਪੰਜਾਬ, ਚੰਡੀਗੜ੍ਹ।

ਐਡੀਸ਼ਨਲ ਡਾਇਰੈਕਟਰ (ਖਤੋਲੇ)

ਪਿੱਠ ਅੰਕਣ ਨੰ: ਵਿ:ਵਿ:ਕਰਜ਼ਾ-ਤ.ਅ.(ਕਰਜ਼ਾ)/7/2019/੫੨੪੭ ਮਿਤੀ: ੨੪-5-19

ਇੱਕ ਉਤਾਰਾ ਪੰਜਾਬ ਰਾਜ ਦੇ ਜਿਲ੍ਹਾ ਖਜ਼ਾਨਾ /ਖਜ਼ਾਨਾ ਅਫਸਰਾਂ ਨੂੰ ਸੂਚਨਾ ਅਤੇ ਜ਼ਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਐਡੀਸ਼ਨਲ ਡਾਇਰੈਕਟਰ (ਖਤੋਲੇ)

ਪਿੱਠ ਅੰਕਣ ਨੰ: ਵਿ:ਵਿ:ਕਰਜ਼ਾ-ਤ.ਅ.(ਕਰਜ਼ਾ)/7/2019/੫੨੪੮-੪੯ ਮਿਤੀ: ੨੦-5-19

ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਰੈਜ਼ੀਡੈਂਟ, ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ, ਪੰਜਾਬ ਭਵਨ ਕਾਪਰਨੀਕਸ ਮਾਰਗ, ਨਵੀਂ ਦਿੱਲੀ।
2. ਤਨਖਾਹ ਅਤੇ ਲੇਖਾ ਅਫਸਰ, ਪੰਜਾਬ ਭਵਨ, ਨਵੀਂ ਦਿੱਲੀ।

ਐਡੀਸ਼ਨਲ ਡਾਇਰੈਕਟਰ (ਖਤੋਲੇ)

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪੰਜਾਬ ਸਰਕਾਰ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਐਡੀਸ਼ਨਲ ਡਾਇਰੈਕਟਰ (ਖਤੋਲੇ)

ਸੇਵਾ ਵਿਖੇ

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2. ਪੰਜਾਬ ਸਰਕਾਰ ਦੇ ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਪਿੱਠ ਅੰਕਣ ਨੰ: ਵਿ:ਵਿ:ਕਰਜ਼ਾ-ਤ.ਅ. (ਕਰਜ਼ਾ)/7/2019/੫੨੫੦ ਮਿਤੀ: ੨੪-5-19



Scanned by CamScanner

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ........................................................
ਜੋ ਕਿ ਮੇਰੀ ਪਤਨੀ/ਪਤੀ/ਪਰਿਵਾਰ ਦਾ ਮੈਂਬਰ ਹੈ ਤੇ ਮੇਰੇ ਨਾਲ ਰਹਿ ਰਿਹਾ ਹੈ.......................................
ਮਹਿਕਮੇ ਵਿੱਚ ਕੰਮ ਕਰ ਰਿਹਾ ਹੈ, ਨੇ ਸਾਲ 2019-20 ਦੌਰਾਨ ਕਣਕ ਦੇ ਕਰਜ਼ੇ ਲਈ ਅਰਜ਼ੀ ਨਹੀਂ ਦਿੱਤੀ।

ਕਰਮਚਾਰੀ ਦੇ ਹਸਤਾਖਰ..................................

## ਸਰਟੀਫਿਕੇਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮੇਰੀ ਪਤਨੀ/ਪਤੀ/ਮੇਰੇ ਪਰਿਵਾਰ ਦਾ ਕੋਈ ਮੈਂਬਰ, ਜੋ ਕਿ ਮੇਰੇ ਨਾਲ ਰਹਿ ਰਿਹਾ ਹੈ, ਪੰਜਾਬ ਸਰਕਾਰ ਦਾ ਮੁਲਾਜ਼ਮ ਨਹੀਂ ਹੈ।

ਕਰਮਚਾਰੀ ਦੇ ਹਸਤਾਖਰ..................................



Scanned by CamScanner